IJCRT.ORG ISSN : 2320-2882
INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਦਲੀਪ ਕੌਰ ਟਿਵਾਣਾ ਦੇ ਨਾਵਲਾਂ ਬਾਰੇ ਪ੍ਰਾਪਤ ਆਲੋਚਨਾ

(ਪੁਸਤਕਾਂ ਅਤੇ ਖੋਜ ਪੱਤਰਾਂ ਦੇ ਸੰਦਰਭ ਵਿਚ)

Sukhwinder Kaur
Research scholar
Punjabi university patiala

ਡਾ. ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਸਿਰਜਨਹਾਰਿਆਂ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਉਸ ਨੇ ਨਾਵਲ ਦੇ ਖੇਤਰ ਵਿਚ ਇਸਤਰੀ ਦੀ ਮਨੋਦਸ਼ਾ ਅਤੇ ਤ੍ਰਾਸਦਿਕ ਸਥਿਤੀਆਂ ਨੂੰ ਚਿਤਰਨ ਵਿਚ ਇਕ ਵੱਖਰੀ ਪਹਿਚਾਣ ਬਣਾਈ ਹੈ। ਇਸ ਖੋਜ ਪੱਤਰ ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਉੱਪਰ ਹੋਏ ਉਪਾਧੀ ਨਿਰਪੇਖ ਖੋਜਕਾਰਜਾਂ ਵਿਚ ਪੇਸ਼ ਧਾਰਨਾਵਾਂ ਦੇ ਵਿਕਾਸ ਨੂੰ ਉਲੀਕਿਆ ਗਿਆ ਹੈ। ਦਲੀਪ ਕੌਰ ਟਿਵਾਣਾ ਦੇ ਨਾਵਲਾਂ ਉੱਪਰ ਉਪਾਧੀ ਨਿਰਪੇਖ ਖੋਜ ਦਾ ਆਰੰਭ 1977 ਵਿਚ 'ਸੇਧ' ਮੈਗਜੀਨ ਵਿਚ ਛਪੇ ਹਰਚਰਨ ਸਿੰਘ ਸੋਬਤੀ ਦੇ 'ਏਹੁ ਹਮਾਰਾ ਜੀਵਣਾ' ਖੋਜ ਪੱਤਰ ਨਾਲ ਹੋਇਆ। ਇਸ ਖੋਜ ਪੱਤਰ ਵਿਚ ਆਲੋਚਕ ਨੇ ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੁ ਹਮਾਰਾ ਜੀਵਣਾ' ਦਾ ਅਧਿਐਨ ਨਾਰੀਵਾਦੀ ਦ੍ਰਿਸ਼ਟੀ ਤੋਂ ਕੀਤਾ। ਉਸ ਨੇ ਨਾਵਲ ਵਿਚ ਪੇਸ਼ ਔਰਤ ਦੀ ਦੁਖਾਂਤਕ ਸਥਿਤੀ ਦਾ ਕਾਰਨ ਜਾਗੀਰਦਾਰੀ ਪ੍ਰਬੰਧ ਦੀਆਂ ਕਦਰਾਂ ਕੀਮਤਾਂ ਨੂੰ ਮੰਨਿਆ। ਉਸ ਅਨੁਸਾਰ ਭਾਨੋ ਇਸ ਕਦਰ ਪਰੰਪਰਕ ਕਦਰਾਂ ਕੀਮਤਾਂ ਨਾਲ ਜੁੜੀ ਹੈ ਕਿ ਉਸਨੂੰ ਆਪਣੀ ਹੋਣੀ ਦਾ ਅਹਿਸਾਸ ਨਹੀਂ ਹੈ। ਆਲੋਚਕ ਭਾਨੋ ਨੂੰ ਇਕ ਭਰਮ ਵਿਚ ਜਿਉਂਦੀ ਮੰਨਦਾ ਹੈ। ਇਸੇ ਭਰਮ ਕਾਰਨ ਹੀ ਭਾਨੋ ਨੂੰ ਸਰਵਣ ਆਪਣੇ ਰੂਹ ਦਾ ਹਾਣੀ ਜਾਪਦਾ ਹੈ ਪਰ ਇਸ ਜਾਗੀਰਦਾਰੀ ਪ੍ਰਬੰਧ ਵਿਚ ਸਰਵਣ ਉਸਦਾ ਮਾਲਕ ਹੈ ਜੋ ਉਸ ਉੱਪਰ ਆਪਣਾ ਅਧਿਕਾਰ ਸਮਝਦਾ ਹੈ। ਇਸ ਖੋਜ ਪੱਤਰ ਵਿਚ ਨਿੱਜੀ ਜਾਇਦਾਦ ਦੀ ਸੰਸਥਾ ਨੂੰ ਨਾਰੀ ਦੀ ਤਰਾਸਦੀ ਦੇ ਮੂਲ ਕਾਰਨ ਵਜੋਂ ਚਿਤਵਿਆ ਹੈ। ਆਲੋਚਕ ਨਾਵਲ ਵਿਚ ਪੇਸ਼ ਇਸ ਦ੍ਰਿਸ਼ਟੀ ਨੂੰ ਨਾਰੀ ਚੇਤਨਾ ਦੇ ਅਧੀਨ ਵਿਚਾਰਦਾ ਹੋਇਆ ਲੇਖਿਕਾ ਦੀ ਦ੍ਰਿਸ਼ਟੀ ਨੂੰ ਸਮਝਣ ਦਾ ਯਤਨ ਕਰਦਾ ਹੈ।

ਇਸ ਤੋਂ ਬਾਅਦ 1978 ਵਿਚ ਜੋਗਿੰਦਰ ਸਿੰਘ ਰਾਹੀ ਨੇ ਆਪਣੀ ਪੁਸਤਕ 'ਪੰਜਾਬੀ ਨਾਵਲ' ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਆਪਣੇ ਨਾਵਲਾਂ ਰਾਹੀਂ ਅਜਿਹੀ ਔਰਤ ਦੀ ਪੇਸ਼ਕਾਰੀ ਕਰ ਰਹੀ ਹੈ ਜੋ ਸਮਰੱਥ ਹੋਣ ਦੇ ਬਾਵਜੂਦ ਵੀ ਆਪਣੇ ਸੰਘਰਸ਼ ਵਿਚ ਸਫ਼ਲ ਨਹੀਂ ਹੁੰਦੀ। ਇਹ ਅਧਿਐਨ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਬਾਰੇ ਨਵੀਂ ਦ੍ਰਿਸ਼ਟੀ ਪ੍ਰਦਾਨ ਕਰਨ ਵਾਲੇ ਮੁੱਢਲੇ ਅਧਿਐਨਾਂ ਵਿਚੋਂ ਇਕ ਹੈ। 'ਏਹੁ ਹਮਾਰਾ ਜੀਵਣਾ' ਦੀ ਨਾਇਕਾ ਭਾਨੋ ਨੂੰ ਛੱਡ ਕੇ ਉਸਦੇ ਬਾਕੀ ਨਾਵਲਾਂ ਦੀਆਂ ਨਾਇਕਾਵਾਂ ਦਾ ਦੁਖਾਂਤ ਆਲੋਚਕ ਨੂੰ ਮੂਲ ਸਥਿਤੀ ਕਰਕੇ ਘੱਟ ਅਤੇ ਲੇਖਿਕਾ ਦੀ ਭਾਵੁਕ ਚੋਣ ਕਰਕੇ ਵਾਪਰਿਆ ਵਧੇਰੇ ਪ੍ਰਤੀਤ ਹੁੰਦਾ ਹੈ। ਉਸ ਅਨੁਸਾਰ, "ਟਿਵਾਣਾ ਦੀਆਂ ਕੰਵਲ ਅਤੇ ਕਿਰਨ ਵਰਗੀਆਂ ਨਾਇਕਾਵਾਂ ਦਾ ਦੁਖਾਂਤ ਸਦਾ ਟਲ ਸਕਣ ਵਾਲਾ ਜਾਪਦਾ ਹੈ। ਟਲ ਸਕਣ ਵਾਲਾ ਇਸ ਲਈ ਕਿਉਂਕਿ ਇਹ ਨਾਇਕਾਵਾਂ ਆਪਣੀ ਸਥਿਤੀ ਜਾਂ ਸੂਝ ਵਿਚ ਬਲਹੀਣ ਨਹੀਂ ਹਨ, ਸਗੋਂ ਲੇਖਿਕਾ ਦੇ ਇਕ ਵਿਸ਼ੇਸ਼ ਪੀੜਾ ਮੋਹ ਕਾਰਨ ਬਲਹੀਣ ਹਨ। ਇਹ ਪੀੜਾ ਮੋਹ ਉਸ ਦੀਆਂ ਨਾਇਕਾਵਾਂ ਨੂੰ ਸਦਾ ਉਹਨਾਂ ਦੇ ਵਿਤ ਦੀ ਉਲਟ ਦਿਸ਼ਾ ਵਿਚ ਖਿੱਚਦਾ ਹੈ। ਇਹ ਦਿਸ਼ਾ ਵਿਅਕਤੀ ਯਥਾਰਥ ਦੇ ਉਲੰਘਣ ਦੀ ਦਿਸ਼ਾ ਹੈ। ਵਿਅਕਤੀ ਯਥਾਰਥ ਦਾ ਇਹ ਉਲੰਘਣ ਦੁਖਾਂਤ ਦੇ ਅਰਥਾਂ ਵਿਚ ਬਾਹਰਗਤ ਸੰਬੋਧ ਦੇ ਪ੍ਰਵੇਸ਼ ਦੀ ਅਲਾਮਤ ਹੈ।"[1] ਇਸ ਤਰ੍ਹਾਂ ਜਿੱਥੇ ਇਸ ਖੋਜ ਪੱਤਰ ਵਿਚ ਕੇਵਲ 'ਏਹੁ ਹਮਾਰਾ ਜੀਵਣਾ' ਨਾਵਲ ਨੂੰ ਆਧਾਰ ਬਣਾ ਕੇ ਆਲੋਚਕ ਨੇ ਆਪਣੀ ਧਾਰਨਾ ਬਣਾਈ ਉੱਥੇ 'ਪੰਜਾਬੀ ਨਾਵਲ' ਪੁਸਤਕ ਵਿਚ ਆਲੋਚਕ ਨੇ ਲੇਖਿਕਾ ਦੇ ਹੋਰ ਨਾਵਲਾਂ (ਤੀਲੀ ਦਾ ਨਿਸ਼ਾਨ, ਵਾਟ ਹਮਾਰੀ, ਅਗਨੀ ਪ੍ਰੀਖਿਆ, ਸੂਰਜ ਤੇ ਸਮੁੰਦਰ) ਦਾ ਅਧਿਐਨ ਵੀ ਇਸੇ ਦ੍ਰਿਸ਼ਟੀ ਅਧੀਨ ਕੀਤਾ।

ਹਰਿਭਜਨ ਸਿੰਘ ਨੇ 'ਇਕ ਖਤ ਤੇਰੇ ਨਾਂ' ਪੁਸਤਕ ਵਿਚ ਦਲੀਪ ਕੌਰ ਟਿਵਾਣਾ ਦੇ ਤਿੰਨ ਨਾਵਲਾਂ 'ਏਹੁ ਹਮਾਰਾ ਜੀਵਣਾ', 'ਸਰਕੰਡਿਆਂ ਦੇ ਦੇਸ', 'ਪੀਲੇ ਪੱਤਿਆਂ ਦੀ ਦਾਸਤਾਨ' ਦਾ ਵਿਸ਼ੇ ਪੱਖ ਤੋਂ ਅਧਿਐਨ ਕੀਤਾ। ਆਲੋਚਕ ਅਨੁਸਾਰ ਦਲੀਪ ਕੌਰ ਟਿਵਾਣਾ ਦੇ ਨਾਵਲ ਪਾਠਕ ਨੂੰ ਅਗਾਂਹਵਧੂ ਦ੍ਰਿਸ਼ਟੀ ਪ੍ਰਦਾਨ ਨਹੀਂ ਕਰਦੇ। ਕਿਉਂਕਿ ਲੇਖਿਕਾ ਆਪਣੇ ਨਾਵਲਾਂ ਵਿਚਲੀਆਂ ਨਾਇਕਾਵਾਂ ਦੇ ਦੁੱਖਾਂ ਦੇ ਸਮਾਧਾਨ ਲਈ ਕੋਈ ਹੱਲ ਨਹੀਂ ਸੁਝਾਉਂਦੀ। ਹਰਿਭਜਨ ਸਿੰਘ 'ਪੀਲੇ ਪੱਤਿਆਂ ਦੀ ਦਾਸਤਾਨ' ਨਾਵਲ ਦੀ ਨਾਇਕਾ ਦੀਆਂ ਸਥਿਤੀਆਂ ਦਾ ਅਧਿਐਨ ਕਰਦਾ ਸਪੱਸ਼ਟ ਕਰਦਾ ਹੈ ਕਿ ਊਸ਼ਾ ਦੁਆਰਾ ਚੁਣਿਆ ਅਨੈਤਿਕਤਾ ਦਾ ਰਸਤਾ ਉਸਦੀ ਬੇਵਸੀ ਦੀ ਦੇਣ ਨਹੀਂ ਬਲਕਿ ਮਾਪਿਆਂ ਦੇ ਵਿਰੋਧ ਵਿਚ ਉਠਾਇਆ ਕਦਮ ਹੈ। ਉਸ ਅਨੁਸਾਰ, "ਲੇਖਿਕਾ ਨੇ ਨਾਇਕਾ ਲਈ ਉਸਾਰੂ ਮੌਕਿਆਂ ਦੀ ਸਿਰਜਣਾ ਦੇ ਬਾਵਜੂਦ ਮਹਾਂਨਗਰ ਦੀ ਕਾਲਗਰਲ ਬਣਾ ਦਿੱਤਾ ਹੈ। ਊਸ਼ਾ ਨੇ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਦਿੱਤਾ ਹੈ। ਜਿਸ ਤਰ੍ਹਾਂ ਦੀਆਂ ਔਰਤਾਂ ਦੇ ਪ੍ਰਭਾਵ ਅਧੀਨ ਪਤੀ ਨੇ ਪਤਨੀ ਨੂੰ ਘਰੋਂ ਕੱਢਿਆ ਹੈ, ਕੱਢੀ ਔਰਤ ਉਸੇ ਤਰ੍ਹਾਂ ਦੀਆਂ ਔਰਤਾਂ ਦੀ ਕਤਾਰ ਵਿਚ ਸ਼ਾਮਲ ਹੋ ਜਾਂਦੀ ਹੈ। ਇਹ ਸ਼ਮੂਲੀਅਤ ਕਿਸੇ ਮਜ਼ਬੂਰੀ ਅਧੀਨ ਕਿਸੇ ਬੇਵਸੀ ਵਸ ਨਹੀਂ ਹੋਈ। ਆਪਣੇ ਹਮਦਰਦ ਪੇਕਿਆਂ ਦੇ ਵਿਰੋਧ ਵਿਚ ਹੋਈ

[1] ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006, ਪੰਨਾ 185

ਹੈ।"[2] ਇੱਥੇ ਆਲੋਚਕ ਦੀ ਧਾਰਨਾ ਇਹ ਹੈ ਕਿ ਦਲੀਪ ਕੌਰ ਟਿਵਾਣਾ ਆਪਣੇ ਨਾਵਲਾਂ ਵਿਚ ਨਾਰੀ ਪ੍ਰਤੀ ਉਲਾਰ ਦ੍ਰਿਸ਼ਟੀ ਦੀ ਧਾਰਨੀ ਹੋਣ ਕਾਰਨ, ਨਾਰੀ ਲਈ ਪਾਠਕ ਦੇ ਮਨ ਵਿਚ ਤਰਸ ਪੈਦਾ ਕਰਨ ਲਈ ਨਾਰੀ ਪੀੜ ਨੂੰ ਚਿਤਰਦੀ ਹੈ। ਆਲੋਚਕ ਦਾ ਕਹਿਣਾ ਹੈ ਕਿ ਉਸ ਦੀਆਂ ਨਾਇਕਾਵਾਂ ਸੰਘਰਸ਼ ਨਹੀਂ ਕਰਦੀਆਂ ਸਗੋਂ ਦੁੱਖ ਭੋਗਦੀਆਂ ਹੋਈਆਂ ਨਿਰਾਸ਼ਤਾ ਦੇ ਰਾਹ ਵੱਲ ਤੁਰਦੀਆਂ ਹਨ। ਆਲੋਚਕ ਦੀ ਇਸ ਧਾਰਨਾ ਦਾ ਆਧਾਰ ਇਹ ਹੈ ਕਿ ਟਿਵਾਣਾ ਦੀਆਂ ਨਾਰੀ ਪਾਤਰ ਆਰਥਿਕ ਤੌਰ ਤੇ ਸਵੈ ਨਿਰਭਰ ਹਨ। ਉਹ ਔਰਤ ਦੀ ਆਜ਼ਾਦੀ ਨੂੰ ਆਰਥਿਕ ਸਵੈ ਨਿਰਭਰਤਾ ਦੇ ਸੰਦਰਭ ਵਿਚ ਚਿਤਵਦਾ ਹੈ। ਇੱਥੇ ਵੇਖਿਆ ਜਾਵੇ ਤਾਂ ਜੋਗਿੰਦਰ ਸਿੰਘ ਰਾਹੀ ਅਤੇ ਹਰਿਭਜਨ ਸਿੰਘ ਦੀਆਂ ਧਾਰਨਾਵਾਂ ਵਿਚ ਸਮਾਨਤਾ ਹੈ, ਇਹ ਸ਼ਬਦਾਂ ਦੀ ਹੇਰ-ਫੇਰ ਕਾਰਨ ਹੀ ਅਲੱਗ ਦਿਸਦੀਆਂ ਹਨ, ਕਿਉਂਕਿ ਦੋਵੇਂ ਆਲੋਚਕ ਉਸਦੇ ਨਾਵਲਾਂ ਵਿਚ ਪੇਸ਼ ਔਰਤ ਦੇ ਦੁਖਾਂਤ ਨੂੰ ਨਾਰੀ ਪੀੜਾ ਮੋਹ ਚਿਤਰਨ ਦਾ ਨਤੀਜਾ ਸਵੀਕਾਰ ਕਰਦੇ ਹਨ।

ਟੀ. ਆਰ. ਵਿਨੋਦ ਨੇ 'ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਨਾਵਲ' 1989, 'ਨਾਰੀ ਦੀ ਨਰੋਈ ਨੁਹਾਰ: ਐਰ ਵੈਰ ਮਿਲਦਿਆਂ' 1999, 'ਪੰਜਾਬੀ ਦੇ ਪ੍ਰਮੁੱਖ ਨਾਵਲਕਾਰ' 2010 ਖੋਜ ਪੱਤਰਾਂ ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਉੱਪਰ ਵਿਚਾਰ ਚਰਚਾ ਕਰਦਿਆਂ ਕੁਝ ਨਵੀਆਂ ਦ੍ਰਿਸ਼ਟੀਆਂ ਪੇਸ਼ ਕੀਤੀਆਂ ਹਨ। ਉਸ ਨੇ 'ਪੰਜਾਬੀ ਦੇ ਪ੍ਰਮੁੱਖ ਨਾਵਲਕਾਰ' ਖੋਜ ਪੱਤਰ ਵਿਚ 'ਅਗਨੀ ਪ੍ਰੀਖਿਆ', 'ਏਹੁ ਹਮਾਰਾ ਜੀਵਣਾ', 'ਐਰ ਵੈਰ ਮਿਲਦਿਆਂ' ਅਤੇ 'ਕਥਾ ਕਹੋ ਉਰਵਸ਼ੀ' ਨਾਵਲਾਂ ਦਾ ਅਧਿਐਨ ਦਰਜ ਕੀਤਾ ਹੈ। 'ਅਗਨੀ ਪ੍ਰੀਖਿਆ' ਦੀ ਨਾਇਕਾ ਦੇ ਦੁਖਾਂਤ ਨੂੰ ਆਲੋਚਕ ਸਵੀਕਾਰ ਨਹੀਂ ਕਰਦਾ। ਉਸ ਅਨੁਸਾਰ ਲੇਖਿਕਾ ਨੇ ਆਪਣੀ ਭਾਵੁਕਤਾ ਦੇ ਕਾਰਨ ਦੁਖ ਜਰਦੀ ਨਾਰੀ ਨੂੰ ਇਸ ਨਾਵਲ ਵਿਚ ਪੇਸ਼ ਕੀਤਾ ਹੈ। ਨਾਇਕਾ ਦੇ ਸਾਹਮਣੇ ਅਜਿਹਾ ਕੋਈ ਸੰਕਟ ਨਹੀਂ ਕਿ ਉਸਦੀ ਸਮੱਸਿਆ ਦਾ ਸਾਵਧਾਨ ਨਾ ਹੋ ਸਕੇ, ਪਰ ਉਹ ਪਰੰਪਰਕ ਮੁੱਲਾਂ ਅਧੀਨ ਜਕੜੀ ਹੋਈ ਕੋਈ ਸੰਘਰਸ਼ ਨਹੀਂ ਕਰਦੀ। 'ਏਹੁ ਹਮਾਰਾ ਜੀਵਣਾ' ਦੀ ਨਾਇਕਾ ਭਾਨੋ ਦਾ ਦੁੱਖ ਆਲੋਚਕ ਨੂੰ ਦੁਖਾਂਤ ਨਜ਼ਰ ਆਉਂਦਾ ਹੈ, ਕਿਉਂਕਿ ਉਹ ਜਾਗੀਰਦਾਰੀ ਪ੍ਰਬੰਧ ਦੀਆਂ ਕਦਰਾਂ ਕੀਮਤਾਂ ਤੋਂ ਆਪਣਾ ਪੱਲਾ ਨਹੀਂ ਛੁਡਾ ਸਕਦੀ। ਇਸ ਖੋਜ ਪੱਤਰ ਵਿਚ ਆਲੋਚਕ ਨੂੰ ਦਲੀਪ ਕੌਰ ਟਿਵਾਣਾ ਦਾ ਨਾਵਲ 'ਐਰ ਵੈਰ ਮਿਲਦਿਆਂ' ਉਸਦੇ ਸਾਰੇ ਨਾਵਲਾਂ ਤੋਂ ਵੱਖਰਾ ਨਜ਼ਰ ਆਉਂਦਾ ਹੈ। ਉਸ ਅਨੁਸਾਰ ਇਸ ਨਾਵਲ ਵਿਚ ਲੇਖਿਕਾ ਔਰਤ ਦੀ ਸਵੈ ਹੋਂਦ ਨਾਲ ਸੰਬੰਧਤ ਪ੍ਰਸ਼ਨਾਂ ਨੂੰ ਸਿੱਧੇ ਤੌਰ ਤੇ ਮੁਖਾਤਿਬ ਹੁੰਦੀ ਹੈ। ਉਹ ਅਜਿਹੀ ਔਰਤ ਦੀ ਪੇਸ਼ਕਾਰੀ ਕਰ ਰਹੀ ਹੈ ਜਿਸ ਨੂੰ ਪਰੰਪਰਕ ਮੁੱਲ ਵਿਧਾਨ ਅਧੀਨ ਵਿਚਰਨਾ ਪ੍ਰਵਾਨ ਨਹੀਂ ਅਤੇ ਉਸਨੂੰ ਕੋਈ ਨਵਾਂ ਰਾਹ ਵੀ ਨਹੀਂ ਲੱਭ ਰਿਹਾ। ਟੀ. ਆਰ. ਵਿਨੋਦ ਅਨੁਸਾਰ, "ਇਕ ਪਾਸੇ ਸਵੈਮਾਨ ਅਤੇ ਸਵੈ ਹੋਂਦ ਦਾ ਸਵਾਲ ਹੈ ਦੂਸਰੇ ਪਾਸੇ ਸੰਸਕਾਰਾਂ ਅਤੇ ਲੋਕਾਂ ਦਾ। ਦੁਖਾਂਤ ਇਹ ਹੈ ਕਿ ਉਹ ਆਪਣੀ ਮਾਂ ਵਾਂਗ ਪਰੰਪਰਾ ਦੀ ਪੂਰੀ ਤਰ੍ਹਾਂ ਗੁਲਾਮ ਵੀ ਨਹੀਂ। ਉਹ ਆਧੁਨਿਕ ਯੁੱਗ ਦੀ ਸੁਚੇਤ ਇਸਤਰੀ ਹੈ ਜੋ ਆਪਣੀ ਸਵੈਹੋਂਦ ਬਰਕਰਾਰ ਰੱਖਣਾ ਚਾਹੁੰਦੀ ਹੈ। ਪਰ ਲੋੜੀਂਦੀ ਦਲੇਰੀ ਤੋਂ ਵੀ ਉਹ ਵਿਰਵੀ ਹੈ।...ਆਧੁਨਿਕ ਯੁੱਗ ਦਾ ਸ਼ਾਇਦ ਦੁਖਾਂਤ ਹੀ ਇਹ ਹੈ ਕਿ ਹੱਸਾਸ ਔਰਤ ਦੋਰਾਹੇ ਉੱਤੇ ਆ ਖਲੋਤੀ ਹੈ। ਪੁਰਾਣਾ ਉਹਨੂੰ ਗਲਤ ਲੱਗਣ ਲੱਗ ਪਿਆ ਹੈ, ਨਵਾਂ ਉਹ ਤੋਂ ਵਰਿਆ ਨਹੀਂ ਜਾ ਰਿਹਾ। ਹਰਜੀਤ ਦੀ ਦਸ਼ਾ ਵੀ ਬਸ ਕੁਝ ਇਸੇ ਤਰ੍ਹਾਂ ਦੀ ਹੈ। ਟਿਵਾਣਾ ਦਾ ਇਹ ਨਾਵਲ ਵਰਤਮਾਨ ਹਾਲਾਤ ਵਿਚ ਹਰਜੀਤ ਹੀ ਪੈਦਾ ਕਰ ਸਕਦਾ ਹੈ। ਪਰ ਇਹ ਵੀ ਸੰਭਵ ਹੈ ਕਿ ਭਵਿੱਖ ਵਿਚ ਹਰਜੀਤ ਕੈਥੀ ਜਾਂ ਸੋਨਲ ਬਣ ਜਾਵੇ ਜੋ ਰਾਜਿੰਦਰ ਵਰਗਿਆਂ ਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜ਼ਬੂਰ ਕਰ ਦੇਵੇ।"[3] ਆਲੋਚਕ ਦੀ ਧਾਰਨਾ ਹੈ ਕਿ ਇਸ ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਔਰਤ ਨੂੰ ਆਪਣੇ ਅਨੁਸਾਰ ਢਾਲਣ ਵਾਲੇ ਪੁਰਸ਼-ਪੱਖੀ ਪ੍ਰਬੰਧ ਉੱਪਰ ਸਿੱਧੇ ਰੂਪ ਵਿਚ ਉਂਗਲ ਧਰੀ ਹੈ।

ਕਿਸ਼ਨ ਸਿੰਘ ਨੇ ਆਪਣੇ ਖੋਜ ਪੱਤਰ 'ਪੀਲੇ ਪੱਤਿਆਂ ਦੀ ਦਾਸਤਾਨ ਔਰਤ ਦੀ ਆਜ਼ਾਦੀ ਦਾ ਮਸਲਾ' 1981 ਵਿਚ ਸਮਾਜਕ ਪ੍ਰਥਾਵਾਂ ਦੇ ਅਮਾਨਵੀ ਸੁਭਾ ਨੂੰ ਉਘਾੜਿਆ ਹੈ। ਉਸਨੇ ਸਮਾਜਕ ਅਤੇ ਸਭਿਆਚਾਰਕ ਸਥਿਤੀਆਂ ਦੀ ਸਮੀਖਿਆ ਪੇਸ਼ ਕਰਦੇ ਹੋਏ ਊਸ਼ਾ ਅਤੇ ਭਗੀਰਥ ਦੇ ਵਿਆਹ ਨਾਲ ਸੰਬੰਧਿਤ ਵੇਰਵਿਆਂ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਕਿਸ਼ਨ ਸਿੰਘ ਪਰੰਪਰਾਗਤ ਵਿਆਹ ਪ੍ਰਬੰਧ ਵਿਚਲੇ ਅਸਾਵੇਂਪਨ ਨੂੰ ਸਪੱਸ਼ਟ ਕਰਦਾ ਹੋਇਆ ਔਰਤ ਦੀ ਦੂਜੈਲੀ ਸਥਿਤੀ ਨੂੰ ਰੂਪਮਾਨ ਕਰਦਾ ਹੈ। ਉਸ ਅਨੁਸਾਰ ਭਗੀਰਥ ਤੇ ਊਸ਼ਾ ਦਾ ਵਿਆਹ ਗਲਤ ਧਾਰਨਾਵਾਂ ਨੂੰ ਆਧਾਰ ਬਣਾ ਕੇ ਹੋਇਆ ਹੈ। ਉਸ ਨੇ ਸਮਾਜਕ ਵਿਵਸਥਾ ਦੀਆਂ ਊਣਤਾਈਆਂ ਨੂੰ ਉਘਾੜਦੇ ਹੋਏ ਕਿਹਾ ਹੈ ਕਿ ਊਸ਼ਾ ਦੇ ਮਾਪੇ ਉਸ ਲਈ ਚੰਗੇ ਵਰ ਦੀ ਥਾਂ ਚੰਗੇ ਘਰ ਦੀ ਤਲਾਸ਼ ਨੂੰ ਤਰਜੀਹ ਦਿੰਦੇ ਹਨ। ਕਿਸ਼ਨ ਸਿੰਘ ਨਾਵਲੀ ਕਥਾ ਰਾਹੀਂ ਦੁੱਖ ਭਰੀਆਂ ਸਥਿਤੀਆਂ ਬਿਆਨ ਕਰਦਾ ਹੋਇਆ ਪ੍ਰੰਪਰਾਗਤ ਕਦਰਾਂ ਕੀਮਤਾਂ ਨੂੰ ਬ੍ਰਾਹਮਣੀ ਕਲਚਰ ਦਾ ਨਾਮ ਦਿੰਦਾ ਹੈ। ਇਹ ਬ੍ਰਾਹਮਣੀ ਕਲਚਰ ਔਰਤ ਨੂੰ ਦੇਵੀ, ਦਾਸੀ ਦੇ ਰੂਪ ਵਿਚ ਪ੍ਰਵਾਣਿਤ ਕਰਦਾ ਹੈ। ਇਸੇ ਸਭਿਆਚਾਰਕ ਪ੍ਰਤੀਮਾਨ ਅਧੀਨ ਭਗੀਰਥ ਊਸ਼ਾ ਨੂੰ ਦਾਸੀ ਦੇ ਰੂਪ ਵਿਚ ਵਿਆਹ ਕੇ ਲਿਆਉਂਦਾ ਹੈ ਅਤੇ ਉਸਨੂੰ 'ਦੇਵੀ' ਵਿਸ਼ੇਸ਼ਣ ਵਿਅੰਗਾਤਮਕ ਰੂਪ ਵਿਚ ਦਿੰਦਾ ਹੈ। ਇਸੇ 'ਦੇਵੀ' ਵਿਸ਼ੇਸ਼ਣ ਅਧੀਨ ਵਿਚਰਦੀ ਊਸ਼ਾ ਆਪਣੇ ਜੀਵਨ ਦੀਆਂ ਸਾਰੀਆਂ ਖੁਸ਼ੀਆਂ ਦੀ ਆਹੂਤੀ ਦੇ ਦਿੰਦੀ ਹੈ। ਕਿਸ਼ਨ ਸਿੰਘ ਅਨੁਸਾਰ, "ਲੇਖਿਕਾ ਨੇ ਭਗੀਰਥ ਦੇ ਮੂੰਹੋਂ ਊਸ਼ਾ ਨੂੰ ਦੇਵੀ ਅਖਵਾ ਕੇ ਉਸਦੀ ਸਥਿਤੀ ਤੇ ਇਕ ਭਾਵਪੂਰਤ ਵਿਅੰਗ ਸਿਰਜਿਆ ਹੈ। ਭਗੀਰਥ ਨੂੰ ਸਿਰਫ਼ ਦੇਵੀ ਦੀ ਜ਼ਰੂਰਤ ਸੀ ਕਿਉਂਕਿ ਜਿਸ ਹੱਦ ਤਕ ਬ੍ਰਾਹਮਣੀ ਕਲਚਰ ਦੀ ਦੇਵੀ ਨਾਲ ਜਾਇਆ ਜਾ ਸਕਦਾ ਹੈ। ਉਸ ਹੱਦ ਤਕ ਜ਼ਰ-ਖਰੀਦ ਬੰਦੇ ਨਾਲ ਵੀ ਨਹੀਂ ਜਾਇਆ ਜਾ ਸਕਦਾ। ਜਿਸ ਕਾਸੇ ਦੀ ਭਗੀਰਥ ਊਸ਼ਾ ਕੋਲੋਂ ਮੰਗ ਕਰਦਾ ਹੈ ਅਤੇ ਜਿਸ ਤਰ੍ਹਾਂ ਉਹ ਉਸਨੂੰ ਆਪਣੀ ਮੰਗ ਦੇ ਸਾਂਚੇ ਵਿਚ ਢਾਲ ਕੇ ਉਸਦੀ ਜ਼ਿੰਦਗੀ ਨੂੰ ਮੁੱਢ ਤੋਂ ਅਖੀਰ ਤਕ ਨਸ਼ਟ ਕਰਦਾ ਹੈ- ਇਹ ਹਾਲ ਸਾਡੀ ਬ੍ਰਾਹਮਣੀ ਕਲਚਰ ਦੀ ਸੰਕਲਪੀ ਸਿਰਜੀ ਦੇਵੀ ਦਾ ਹੀ ਹੋ ਸਕਦਾ ਹੈ।"[4] ਇੱਥੇ ਕਿਸ਼ਨ ਸਿੰਘ ਔਰਤ ਦੀ ਸਮਾਜ ਵਿਚ ਉਸ ਨਿੱਘਰੀ ਹਾਲਤ ਦੀ ਗੱਲ ਕਰਦਾ ਹੈ ਜੋ ਗੁਲਾਮ ਵਿਅਕਤੀ ਨਾਲੋਂ ਵੀ ਬੁਰੀ ਹੈ। ਉਸ ਅਨੁਸਾਰ ਸਮਾਜ ਭਾਵੇਂ ਪੂੰਜੀਵਾਦੀ ਵਿਵਸਥਾ ਵਾਲੇ ਸਮੇਂ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਇਸ ਸਮੇਂ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਦੇਣ ਦੀ ਗੱਲ ਹੋ ਰਹੀ ਹੈ ਪਰ ਸਭਿਆਚਾਰਕ ਪੱਧਰ ਉੱਪਰ ਲੋਕਾਂ ਦੀ ਸੋਚ ਉੱਪਰ ਜਾਗੀਰਦਾਰੀ ਨਿਜ਼ਾਮ ਦੇ ਕਦਰ ਪ੍ਰਬੰਧ ਦੀ ਛਾਪ ਹੈ ਜਿਸ ਕਰਕੇ ਔਰਤ ਦੀ ਸਥਿਤੀ ਵਿਚ ਸੁਧਾਰ ਨਹੀਂ ਆ ਸਕਦਾ। ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦਾ ਅਧਿਐਨ ਕਰਦਿਆਂ ਸਮਾਜ ਵਿਚ ਔਰਤ ਦੀ ਦੂਜੈਲੀ ਸਥਿਤੀ ਲਈ ਜ਼ਿੰਮੇਵਾਰ ਕਾਰਨਾਂ ਨੂੰ ਉਸਦੀ ਆਰਥਿਕ ਸਾਧਨਾਂ ਤੋਂ ਵਿਹੂਣੀ ਹੋਂਦ ਦੀ ਪਰਿਪੇਖ ਵਿਚ ਵਿਚਾਰਿਆ ਹੈ।

---

[2] ਹਰਿਭਜਨ ਸਿੰਘ, ਇਕ ਖ਼ਤ ਤੇਰੇ ਨਾਂ, ਫਕੀਰ ਐਂਡ ਸੰਨਜ਼, ਅੰਮ੍ਰਿਤਸਰ, 1983, ਪੰਨਾ 98

[3] ਟੀ.ਆਰ. ਵਿਨੋਦ, ਆਉ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ , ਪੰਜਾਬੀ ਭਵਨ, ਲੁਧਿਆਣਾ, 1999, ਪੰਨਾ 103

[4] ਕਿਸ਼ਨ ਸਿੰਘ, ਔਰਤ ਦੀ ਆਜ਼ਾਦੀ ਦਾ ਮਸਲਾ- ਪ੍ਰਸੰਗ ਦਲੀਪ ਕੌਰ ਟਿਵਾਣਾ ਦਾ ਨਾਵਲ ਪੀਲੇ ਪੱਤਿਆਂ ਦੀ ਦਾਸਤਾਨ, ਸੇਧ, ਅਕਤੂਬਰ 1981, ਪੰਨਾ 37

ਇਸ ਤਰ੍ਹਾਂ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਉੱਪਰ ਹੋਈ ਖੋਜ ਦੇ ਮੁੱਢ ਵਿਚ ਹੀ ਵੇਖਿਆ ਜਾ ਸਕਦਾ ਹੈ ਕਿ ਆਲੋਚਕ ਦੋ ਧਾਰਨਾਵਾਂ ਨਾਲ ਜੁੜੇ ਹੋਏ ਹਨ। ਪਹਿਲੀ ਇਹ ਕਿ ਦਲੀਪ ਕੌਰ ਟਿਵਾਣਾ ਆਪਣੇ ਨਾਵਲਾਂ ਵਿਚ ਔਰਤ ਦੇ ਦੁਖਾਂਤ ਦੀ ਪੇਸ਼ਕਾਰੀ ਸਮਾਜਕ ਸਭਿਆਚਾਰਕ ਸਥਿਤੀਆਂ ਨੂੰ ਸਮਝਦੇ ਹੋਏ ਕਰਦੀ ਹੈ। ਦੂਜੀ ਇਹ ਕਿ ਦਲੀਪ ਕੌਰ ਟਿਵਾਣਾ ਆਪਣੀ ਭਾਵੁਕਤਾ ਦੇ ਕਾਰਨ ਸਮਰੱਥ ਹੋਣ ਦੇ ਬਾਵਜੂਦ ਵੀ ਆਪਣੀਆਂ ਨਾਇਕਾਵਾਂ ਨੂੰ ਦੁਖਾਂਤ ਭੋਗਦੇ ਹੋਏ ਚਿਤਰਦੀ ਹੈ। ਔਰਤ ਪੀੜਾ, ਸੰਤਾਪ ਅਤੇ ਤ੍ਰਾਸਦੀ ਨੂੰ ਸਮਾਜਕ ਸੰਦਰਭ ਵਿਚ ਰੱਖ ਕੇ ਚਿਤਰਨਾ ਉਸਦੇ ਨਾਵਲਾਂ ਦੀ ਕੇਂਦਰੀ ਸੁਰ ਹੈ। ਜਸਪਾਲ ਕੌਰ ਕਾਂਗ, ਕੁਲਦੀਪ ਸਿੰਘ ਧੀਰ, ਅਮਰ ਕੋਮਲ, ਹਰਚਰਨ ਸਿੰਘ ਸੋਬਤੀ, ਚਰਨਜੀਤ ਕੌਰ, ਗੁਰਪ੍ਰੀਤ ਕੌਰ, ਤਾਰਾ ਸਿੰਘ, ਸਤੀਸ਼ ਕੁਮਾਰ ਵਰਮਾ, ਜਗਬੀਰ ਸਿੰਘ, ਸਰਬਜੋਤ ਸਿੰਘ ਆਦਿ ਆਲੋਚਕਾਂ ਨੇ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪ੍ਰਸਤੁਤ ਵਿਸ਼ਿਆਂ ਪ੍ਰਤੀ ਸਕਾਰਾਤਮਕ ਨਜ਼ਰੀਆ ਅਪਣਾਉਂਦੇ ਹੋਏ ਆਪਣੇ ਵਿਚਾਰ ਦਿੱਤੇ ਹਨ। ਇਹਨਾਂ ਆਲੋਚਕਾਂ ਨੂੰ ਦਲੀਪ ਕੌਰ ਟਿਵਾਣਾ ਦੇ ਨਾਵਲ ਸਮਾਜ ਨੂੰ ਉਸਾਰੂ ਸੇਧ ਪ੍ਰਦਾਨ ਕਰਦੇ ਪ੍ਰਤੀਤ ਹੁੰਦੇ ਹਨ। ਇਹ ਆਲੋਚਕ ਉਸਦੇ ਨਾਵਲਾਂ ਨੂੰ ਨਾਰੀਵਾਦੀ ਦ੍ਰਿਸ਼ਟੀ ਅਧੀਨ ਪਰਖਦੇ ਹੋਏ, ਇਸ ਵਿਚ ਪੇਸ਼ ਹੋ ਰਹੀ ਔਰਤ ਦੀ ਹੋਣੀ ਨੂੰ ਸਮਾਜਕ ਸਭਿਆਚਾਰਕ ਸੰਦਰਭ ਵਿਚ ਰੱਖ ਕੇ ਅਧਿਐਨ ਕਰਦੇ ਹਨ। ਇਸ ਕਰਕੇ ਇਹਨਾਂ ਦਾ ਵਿਚਾਰ ਹੈ ਕਿ ਦਲੀਪ ਕੌਰ ਟਿਵਾਣਾ ਦੀਆਂ ਨਾਇਕਾਵਾਂ ਕਿਸੇ ਉਪਭਾਵਕਤਾ ਕਾਰਨ ਨਹੀਂ ਸਗੋਂ ਔਰਤ ਦੀਆਂ ਸਮਾਜਕ- ਸੰਸਕ੍ਰਿਤਕ ਮਜ਼ਬੂਰੀਆਂ ਦੀ ਸੋਝੀ ਹੋਣ ਕਾਰਨ ਦੁਖਾਂਤ ਭੋਗ ਰਹੀਆਂ ਹਨ। ਉਸਦੇ ਨਾਵਲਾਂ ਵਿਚਲੀਆਂ ਔਰਤਾਂ ਭਾਵੇਂ ਆਰਥਿਕ ਤੌਰ ਤੇ ਸੰਪੰਨ ਹਨ ਪਰ ਸਮਾਜਕ ਵਲਗਣਾਂ ਇੰਨੀਆਂ ਪੱਕੀਆਂ ਪੀਢੀਆਂ ਹਨ ਕਿ ਇਹਨਾਂ ਵਿਚੋਂ ਬਾਹਰ ਨਿਕਲਣਾ ਸੌਖਾ ਨਹੀਂ। ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੇਸ਼ ਇਸੇ ਸਭਿਆਚਾਰਕ ਚੌਖਟੇ ਨੂੰ ਸਮਝਦੇ ਹੋਏ ਇਹਨਾਂ ਆਲੋਚਕਾਂ ਨੇ ਟਿਵਾਣਾ ਦੇ ਨਾਵਲਾਂ ਦਾ ਅਧਿਐਨ ਕੀਤਾ ਹੈ। ਇਸ ਧਾਰਨਾ ਅਨੁਸਾਰ ਦੋਸ਼ ਟਿਵਾਣਾ ਜਾਂ ਉਸਦੀਆਂ ਨਾਇਕਾਵਾਂ ਦਾ ਨਹੀਂ ਸਗੋਂ ਸਮਾਜ-ਸਭਿਆਚਾਰਕ ਪ੍ਰਬੰਧ ਦਾ ਹੈ।

ਹਰਭਜਨ ਸਿੰਘ, ਜੋਗਿੰਦਰ ਸਿੰਘ ਰਾਹੀ, ਗੁਰਬਚਨ, ਸਰਬਜੀਤ ਗੁਰਾਇਆ ਅਜਿਹੇ ਆਲੋਚਕ ਹਨ ਜਿਹਨਾਂ ਨੇ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੇਸ਼ ਔਰਤ ਦੇ ਦੁਖਾਂਤ ਦਾ ਕਾਰਨ ਉਸਦੀ ਉਪਭਾਵਕਤਾ ਨੂੰ ਮੰਨਿਆ ਹੈ। ਇਹਨਾਂ ਆਲੋਚਕਾਂ ਦੀ ਦਲੀਲ ਹੈ ਕਿ ਟਿਵਾਣਾ ਆਪਣੇ ਨਾਵਲਾਂ ਵਿਚ ਪੜ੍ਹੀ-ਲਿਖੀ ਅਤੇ ਨੌਕਰੀਪੇਸ਼ਾ ਔਰਤ ਦੀ ਪੇਸ਼ਕਾਰੀ ਕਰਦੀ ਹੈ। ਇਹਨਾਂ ਔਰਤਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੈ। ਇਹ ਆਲੋਚਕ ਸਮਾਜ ਵਿਚ ਔਰਤ ਦੀ ਦੂਜੈਲੀ ਸਥਿਤੀ ਦਾ ਕਾਰਨ ਔਰਤ ਦੀ ਆਰਥਿਕ ਨਿਰਭਰਤਾ ਵਿਚੋਂ ਤਲਾਸ਼ ਕਰਦੇ ਹਨ। ਇਸ ਕਰਕੇ ਉਹ ਦਲੀਪ ਕੌਰ ਟਿਵਾਣਾ ਨੂੰ ਉਪਭਾਵਕਤਾ ਦਾ ਸ਼ਿਕਾਰ ਮੰਨਦੇ ਹਨ। ਕਿਉਂਕਿ ਉਸ ਦੀਆਂ ਨਾਇਕਾਵਾਂ ਸਮਰੱਥਾਵਾਨ ਹੋਣ ਦੇ ਬਾਵਜੂਦ ਵੀ ਤ੍ਰਾਸਦਿਕ ਹੋਣੀ ਭੋਗਦੀਆਂ, ਹਾਰੀਆਂ ਹੰਭੀਆਂ ਅਤੇ ਕੁਮਲਾਈਆਂ ਹੋਈਆਂ ਹਨ। ਇਸ ਤਰ੍ਹਾਂ ਇਹਨਾਂ ਆਲੋਚਕਾਂ ਦੇ ਉਪਾਧੀ ਨਿਰਪੇਖ ਖੋਜ ਕਾਰਜਾਂ ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਸੰਬੰਧੀ ਇਹ ਧਾਰਨਾ ਬਣਦੀ ਹੈ ਕਿ ਉਸਦੇ ਨਾਵਲ ਪਾਠਕ ਨੂੰ ਅਗਾਂਹਵਧੂ ਸੇਧ ਪ੍ਰਦਾਨ ਨਹੀਂ ਕਰਦੇ। ਉਸ ਦੀਆਂ ਨਾਇਕਾਵਾਂ ਸੰਘਰਸ਼ ਕਰਨ ਦੀ ਥਾਂ ਨਿਰਾਸ਼ਤਾ ਦੇ ਰਾਹ ਵਲ ਤੁਰਦੀਆਂ ਹਨ। ਇਸ ਧਾਰਨਾ ਨਾਲ ਜੁੜੇ ਆਲੋਚਕ ਲੇਖਿਕਾ ਦੇ ਨਾਵਲਾਂ ਵਿਚ ਸਿਰਜਤ ਔਰਤ ਦੇ ਦੁਖਾਂਤ ਨੂੰ ਉਸ ਦੀ ਵਿਚਾਰਧਾਰਾ ਜਾਂ ਭਾਵਨਾਤਮਿਕ ਝੁਕਾਓ ਦਾ ਦੋਸ਼ ਮੰਨਦੇ ਹਨ।

1988 ਵਿਚ ਛਪੇ ਖੋਜ ਪੱਤਰ 'ਨਾਵਲਕਾਰ ਡਾ. ਦਲੀਪ ਕੌਰ ਟਿਵਾਣਾ' (ਪ੍ਰੋ ਸ. ਸੋਜ਼), 'ਦਲੀਪ ਕੌਰ ਟਿਵਾਣਾ ਸਵੈ ਜੀਵਨੀ ਤੋਂ ਨਾਵਲਾਂ ਤਕ' (ਸਰਬਜੀਤ ਕੌਰ ਗੁਰਾਇਆ), 'ਦਲੀਪ ਕੌਰ ਟਿਵਾਣਾ ਦਾ ਗਲਪ ਸੰਸਾਰ' (ਜਸਪਾਲ ਕੌਰ ਕਾਂਗ) ਵਿਚ ਆਲੋਚਕਾਂ ਨੇ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੇਸ਼ ਵੇਰਵਿਆਂ ਨੂੰ ਉਸਦੀ ਸਵੈ ਜੀਵਨੀ ਨਾਲ ਜੋੜ ਕੇ ਵੇਖਿਆ ਹੈ। ਇਹਨਾਂ ਆਲੋਚਕਾਂ ਦੀ ਧਾਰਨਾ ਹੈ ਕਿ ਦਲੀਪ ਕੌਰ ਟਿਵਾਣਾ ਥੋੜ੍ਹੇ ਬਹੁਤੇ ਫ਼ਰਕ ਨਾਲ ਆਪਣੀ ਸਵੈ ਜੀਵਨੀ ਅਤੇ ਆਲੇ ਦੁਆਲੇ ਦੀਆਂ ਸਥਿਤੀਆਂ ਦਾ ਹੀ ਵਰਨਣ ਕਰਦੀ ਹੈ। ਇਹਨਾਂ ਆਲੋਚਕਾਂ ਦਾ ਮੰਨਣਾ ਹੈ ਕਿ ਲੇਖਿਕਾ ਦੇ ਨਾਵਲਾਂ ਵਿਚ ਉਸਦੇ ਜੀਵਨ ਸੰਬੰਧੀ ਵੇਰਵੇ ਹੀ ਪੇਸ਼ ਹੋਏ ਹਨ। ਇਸ ਕਰਕੇ ਉਸਦੇ ਨਾਵਲਾਂ ਦੇ ਵਿਸ਼ਿਆਂ ਵਿਚ ਵੰਨ-ਸੁਵੰਨਤਾ ਦੀ ਘਾਟ ਹੈ। ਆਲੋਚਕ ਦਲੀਪ ਕੌਰ ਟਿਵਾਣਾ ਨੂੰ ਲਿਖੇ ਨੂੰ ਦੋਬਾਰਾ ਲਿਖਣ ਵਾਲੀ ਲੇਖਿਕਾ ਪ੍ਰਵਾਨ ਕਰਦੇ ਹਨ। ਇਹਨਾਂ ਆਲੋਚਕਾਂ ਦੀ ਧਾਰਨਾ ਹੈ ਕਿ ਵਿਸ਼ਿਆਂ ਦੀ ਵੰਨ-ਸੁਵੰਨਤਾ ਦੀ ਘਾਟ ਕਾਰਨ ਉਸਦੇ ਪਾਤਰਾਂ ਦਾ ਘੇਰਾ ਸੀਮਿਤ ਹੈ।

ਬਹੁਤ ਸਾਰੇ ਖੋਜ ਪੱਤਰਾਂ ਵਿਚ ਇਹਨਾਂ ਧਾਰਨਾਵਾਂ ਬਾਰੇ ਸੰਵਾਦ ਵੀ ਮਿਲਦਾ ਹੈ। ਜਿਹੜੇ ਆਲੋਚਕ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਨੂੰ ਸਮਾਜਕ ਸਭਿਆਚਾਰਕ ਚੌਖਟੇ ਵਿਚ ਰੱਖ ਕੇ ਸਮਝਦੇ ਹਨ ਉਹਨਾਂ ਨੇ ਹਰਭਜਨ ਸਿੰਘ ਅਤੇ ਜੋਗਿੰਦਰ ਸਿੰਘ ਰਾਹੀ ਦੀਆਂ ਟਿੱਪਣੀਆਂ ਦਾ ਵਿਰੋਧ ਕੀਤਾ ਹੈ। ਕੁਝ ਆਲੋਚਕ ਇਹਨਾਂ ਵਿਦਵਾਨਾਂ ਦੀ ਧਾਰਨਾ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲੇਖਿਕਾ ਦੇ ਨਾਵਲਾਂ ਦਾ ਅਧਿਐਨ ਕਰਦੇ ਹਨ। ਇਸ ਧਾਰਨਾ ਅਨੁਸਾਰ ਲੇਖਿਕਾ ਔਰਤ ਦੀਆਂ ਯਥਾਰਥਕ ਸਥਿਤੀਆਂ ਦਾ ਵਰਨਣ ਕਰਦੇ ਸਮੇਂ ਉਸਨੂੰ ਇੰਨਾ ਕਮਜ਼ੋਰ ਬਣਾ ਦਿੰਦੀ ਹੈ ਕਿ ਉਹ ਮਰਦ ਦੀਆਂ ਵਧੀਕੀਆਂ ਵਿਰੁੱਧ ਕੋਈ ਵਿਦਰੋਹ ਨਹੀਂ ਕਰਦੀ। ਦੁਖਦ ਪ੍ਰਸਥਿਤੀਆਂ ਵਿਚੋਂ ਲੰਘਣ ਤੋਂ ਬਾਅਦ ਲੇਖਿਕਾ ਦੀਆਂ ਔਰਤ ਪਾਤਰ ਏਨੀਆਂ ਬਲਹੀਣ ਹੋ ਜਾਂਦੀਆਂ ਹਨ ਕਿ ਉਹਨਾਂ ਵਿਚ ਹਿੰਮਤ ਹੀ ਨਹੀਂ ਹੁੰਦੀ ਕਿ ਉਹ ਮਾਨਸਿਕ ਤੌਰ ਤੇ ਖੇਰੂੰ-ਖੇਰੂੰ ਹੋਣ ਤੋਂ ਬਾਅਦ ਆਪਣੇ ਅਸਤਿੱਤਵ ਨੂੰ ਕਾਇਮ ਰੱਖ ਸਕਣ। ਰਜਨੀਸ਼ ਬਹਾਦਰ ਸਿੰਘ ਅਨੁਸਾਰ, "ਟਿਵਾਣਾ ਆਪਣੇ ਨਾਵਲਾਂ ਵਿਚ ਆਮ ਤੌਰ ਤੇ ਇਸਤਰੀ ਨੂੰ ਵਧੇਰੇ ਹਮਦਰਦੀ ਨਾਲ ਚਿਤਰਦੀ ਹੈ। ਉਸਦੇ ਨਾਵਲਾਂ ਦੀਆਂ ਨਾਇਕਾਵਾਂ ਆਮ ਤੌਰ ਤੇ ਆਪਣੀ ਸ਼ਕਤੀ ਦੁੱਖ ਜਰਨ ਵਿਚ ਮੰਨਦੀਆਂ ਹਨ। ਏਹੁ ਹਮਾਰਾ ਜੀਵਣਾ ਇਸ ਦ੍ਰਿਸ਼ਟੀ ਦੀ ਪ੍ਰਮੁੱਖ ਰਚਨਾ ਹੈ। ਉਸ ਦੀਆਂ ਨਾਇਕਾਵਾਂ ਆਚਰਣ ਪ੍ਰਤੀ ਚੇਤੰਨ ਰਹਿੰਦੀਆਂ ਹਨ। ਇਹ ਔਰਤਾਂ ਪੇਂਡੂ ਸਮਾਜਚਾਰੇ ਦੀ ਉਪਜ ਹਨ। ਟਿਵਾਣਾ ਦੇ ਨਾਵਲਾਂ ਵਿਚੋਂ ਜਿਹੜੀਆਂ ਪੜ੍ਹੀਆਂ-ਲਿਖੀਆਂ ਔਰਤਾਂ ਉਭਰਦੀਆਂ ਹਨ ਉਹ ਭਾਵੇਂ ਆਰਥਿਕ ਤੌਰ ਤੇ ਆਜ਼ਾਦ ਹਨ ਪ੍ਰੰਤੂ ਉਹ ਵੀ ਇਕ ਪਰੰਪਰਾ ਵਿਚ ਬੱਝੀਆਂ ਹੋਈਆਂ ਹਨ। ਟਿਵਾਣਾ ਦੀਆਂ ਪਾਤਰ-ਔਰਤਾਂ ਕਿਸੇ ਪ੍ਰਕਾਰ ਦੇ ਸੰਘਰਸ਼ ਵਿਚ ਨਹੀਂ ਪੈਂਦੀਆਂ। ਉਹ ਮੋਟੇ ਰੂਪ ਵਿਚ ਮਰਦ ਦੀ ਬਣਾਈ ਹੋਈ ਮਰਿਯਾਦਾ ਵਿਚ ਜਿਉਂਦੀਆਂ ਹਨ।"[5] ਆਲੋਚਕਾਂ ਦੀ ਧਾਰਨਾ ਹੈ ਕਿ ਉਸ ਦੀਆਂ ਨਾਇਕਾਵਾਂ ਚੁੱਪ ਰਾਹੀਂ ਆਪਣਾ ਵਿਰੋਧ ਦਰਜ ਕਰਵਾਉਂਦੀਆਂ ਹਨ। ਉਹ ਆਪਣੇ ਨਾਵਲਾਂ ਵਿਚ ਕਿਤੇ ਵੀ ਤਲਖ ਸੰਵਾਦ ਨਹੀਂ ਸਿਰਜਦੀ। ਉਸਦੀ ਨਾਇਕਾ ਲਗਾਤਾਰ ਦੁੱਖ ਸਹਿੰਦੀ ਟੁੱਟ ਜਾਂਦੀ ਹੈ ਪਰ ਕਿਸੇ ਵੀ ਸਥਿਤੀ ਵਿਚ ਹਿੰਸਾਤਮਕ ਵਿਦਰੋਹ ਨਹੀਂ ਕਰਦੀ।

[5] ਰਜਨੀਸ਼ ਬਹਾਦਰ ਸਿੰਘ, ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010, ਪੰਨਾ 147

ਉਪਾਧੀ ਨਿਰਪੇਖ ਪੱਧਰ ਤੇ ਹੋਏ ਜੋ ਖੋਜ ਕਾਰਜ ਸਾਹਮਣੇ ਆਏ ਹਨ ਉਹ ਕਿਸੇ ਵਿਸ਼ੇਸ਼ ਅਧਿਐਨ ਵਿਧੀ ਜਿਵੇਂ ਮਨੋਵਿਗਿਆਨਕ, ਭਾਸ਼ਾ ਵਿਗਿਆਨਕ, ਚਿਹਨ ਵਿਗਿਆਨਕ ਆਦਿ ਦੇ ਅਧੀਨ ਨਹੀਂ ਕੀਤੇ ਗਏ। ਇਹਨਾਂ ਖੋਜ ਕਾਰਜਾਂ ਵਿਚ ਆਲੋਚਕ ਨਾਵਲਾਂ ਵਿਚ ਪੇਸ਼ ਹੋ ਰਹੇ ਔਰਤ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਵਿਭਿੰਨ ਪਾਸਾਰਾਂ ਨੂੰ ਅਧਿਐਨ ਦਾ ਵਸਤੂ ਬਣਾ ਰਹੇ ਹਨ। ਪਰਿਵਾਰਕ ਰਿਸ਼ਤਿਆਂ ਵਿਚਲੇ ਤਣਾਵਾਂ, ਜੀਵਨ ਹੋਂਦ ਦੇ ਮਸਲਿਆਂ ਅਤੇ ਜਨਮ ਮੌਤ ਨਾਲ ਸੰਬੰਧਿਤ ਪ੍ਰਸ਼ਨਾਂ ਨੂੰ ਵੀ ਆਲੋਚਕਾਂ ਨੇ ਆਪਣੇ ਖੋਜ ਪੱਤਰਾਂ ਵਿਚ ਵਿਚਾਰਿਆ ਹੈ। ਜਦੋਂ ਕੋਈ ਵਿਸ਼ੇਸ਼ ਵਿਚਾਰਧਾਰਾ ਨਾਲ ਜੁੜਿਆ ਆਲੋਚਕ ਉਸਦੇ ਨਾਵਲਾਂ ਦਾ ਅਧਿਐਨ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਰਾਹੀਂ ਕਰਦਾ ਹੈ ਤਾਂ ਉਸਨੂੰ ਦਲੀਪ ਕੌਰ ਟਿਵਾਣਾ ਦੇ ਨਾਵਲ ਪਿਛਾਂਹ ਖਿੱਚੂ ਵਿਚਾਰਾਂ ਦੇ ਧਾਰਨੀ ਨਜ਼ਰ ਪੈਂਦੇ ਹਨ। ਉਹਨਾਂ ਅਨੁਸਾਰ ਦਲੀਪ ਕੌਰ ਟਿਵਾਣਾ ਜਾਗੀਰਦਾਰੀ ਪ੍ਰਬੰਧ ਦੀਆ ਕਦਰਾਂ ਕੀਮਤਾਂ ਪ੍ਰਤੀ ਅਥਾਹ ਮੋਹ ਕਾਰਨ ਉਹ ਇਸ ਪ੍ਰਬੰਧ ਅਧੀਨ ਵਿਚਰ ਰਹੇ ਪਾਤਰਾਂ ਨੂੰ ਨਿਮਾਣੇ ਤੇ ਨਿਤਾਣੇ ਰੂਪ ਵਿਚ ਸਿਰਜਦੀ ਹੈ। ਇਹਨਾਂ ਆਲੋਚਕਾਂ ਦਾ ਮੰਨਣਾ ਹੈ ਕਿ ਦਲੀਪ ਕੌਰ ਟਿਵਾਣਾ ਦੀਆਂ ਨਾਇਕਾਵਾਂ ਸਵੈ-ਅਤਿਆਚਾਰ ਦੀ ਮਾਨਸਿਕਤਾ ਦਾ ਸ਼ਿਕਾਰ ਹਨ। ਉਸ ਦੀਆਂ ਨਾਇਕਾਵਾਂ ਅਣਪਛਾਤੇ ਰਾਹਾਂ ਉੱਤੇ ਨਹੀਂ ਚਲਦੀਆਂ। ਉਸ ਦੇ ਨਾਵਲਾਂ ਵਿਚ ਪੇਸ਼ ਸਰਦਾਰਾਂ ਅਤੇ ਮਹਾਰਾਜਿਆਂ ਦੇ ਜੀਵਨ ਦੀ ਪੇਸ਼ਕਾਰੀ ਨੂੰ ਆਧਾਰ ਬਣਾ ਕੇ ਕਹਿੰਦੇ ਹਨ ਕਿ ਉਸਦੇ ਮਨ ਵਿਚ ਢਹਿੰਦੇ ਜਾ ਰਹੇ ਜਾਗੀਰਦਾਰੀ ਪ੍ਰਬੰਧ ਦੀ ਪੀੜ ਹੈ। ਦਲੀਪ ਕੌਰ ਟਿਵਾਣਾ ਦੇ ਗੁਰੂ ਮਹਿਲਾਵਾਂ ਨਾਲ ਜੁੜੇ ਨਾਵਲਾਂ ਨੂੰ ਪ੍ਰਸੰਸਾਮੂਲਕ ਦ੍ਰਿਸ਼ਟੀ ਅਧੀਨ ਹੀ ਵਿਚਾਰਿਆ ਗਿਆ ਹੈ। ਇਹਨਾਂ ਨਾਵਲਾਂ ਵਿਚ ਪ੍ਰਸਤੁਤ ਹੋ ਰਹੇ ਪੇਂਡੂ ਜੀਵਨ ਸੰਬੰਧੀ ਵੇਰਵਿਆਂ ਅਤੇ ਇਤਿਹਾਸਕ ਵੇਰਵਿਆਂ ਨੂੰ ਆਲੋਚਕਾਂ ਨੇ ਅਧਿਐਨ ਦਾ ਕੇਂਦਰ ਬਣਾਇਆ ਹੈ। ਇਸ ਤੋਂ ਇਲਾਵਾ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਉੱਪਰ ਹੋਏ ਉਪਾਧੀ ਨਿਰਪੇਖ ਖੋਜ ਕਾਰਜਾਂ ਵਿਚ ਕੁਝ ਨਵੇਂ ਨਾਵਲਾਂ ਜਿਵੇਂ 'ਦੁਨੀ ਸੁਹਾਵਾ ਬਾਗੁ', 'ਮੋਹ ਮਾਇਆ', 'ਪੌਣਾਂ ਦੀ ਜਿੰਦ ਮੇਰੀ' ਆਦਿ ਦਾ ਆਲੋਚਨਾਤਮਕ ਅਧਿਐਨ ਕਰਕੇ ਆਲੋਚਕਾਂ ਨੇ ਟਿਵਾਣਾ ਸੰਬੰਧੀ ਹੋਈ ਨਾਵਲ ਆਲੋਚਨਾ ਦੇ ਘੇਰੇ ਨੂੰ ਚੌੜਾ ਕੀਤਾ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਆਲੋਚਕਾਂ ਨੇ ਉਪਾਧੀ ਨਿਰਪੇਖ ਖੋਜ ਕਾਰਜਾਂ (ਪੁਸਤਕਾਂ ਅਤੇ ਖੋਜ ਪੱਤਰਾਂ) ਵਿਚ ਮੌਲਿਕ ਧਾਰਨਾਵਾਂ ਪੇਸ਼ ਕੀਤੀਆਂ ਹਨ ਅਤੇ ਇਹਨਾਂ ਧਾਰਨਾਵਾਂ ਵਿਚ ਨਿਰੰਤਰ ਵਿਕਾਸ ਵੇਖਿਆ ਜਾ ਸਕਦਾ ਹੈ। ਆਲੋਚਕ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਰਾਹੀਂ ਪੇਸ਼ ਹੋ ਰਹੀ ਔਰਤ ਪੀੜਾ ਦੇ ਅਹਿਸਾਸ ਦਾ ਅਧਿਐਨ ਕਰਦੇ ਹੋਏ ਉਸਦੇ ਨਾਵਲਾਂ ਵਿਚਲੇ ਦਾਰਸ਼ਨਿਕ ਸਵਾਲਾਂ ਨੂੰ ਮੁਖਾਤਿਬ ਹੋ ਰਹੇ ਹਨ। ਦਲੀਪ ਕੌਰ ਟਿਵਾਣਾ ਦੇ ਨਾਵਲਾਂ ਸੰਬੰਧੀ ਲਿਖੇ ਖੋਜ ਪੱਤਰਾਂ ਵਿਚ ਪੇਸ਼ ਧਾਰਨਾਵਾਂ ਮੌਲਿਕ ਜ਼ਰੂਰ ਹਨ ਪਰ ਇਹਨਾਂ ਵਿਚ ਦੁਹਰਾਓ ਹੈ। ਆਲੋਚਕਾਂ ਦੁਆਰਾ ਇਕ ਹੀ ਖੋਜ ਪੱਤਰ ਨੂੰ ਵੱਖ- ਵੱਖ ਪੁਸਤਕਾਂ ਅਤੇ ਖੋਜ ਰਸਾਲਿਆਂ ਵਿਚ ਛਪਵਾਇਆ ਗਿਆ ਹੈ। ਇਹਨਾਂ ਖੋਜ ਕਾਰਜਾਂ ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਸੰਬੰਧੀ ਜੋ ਧਾਰਨਾਵਾਂ ਪ੍ਰਸਤੁਤ ਹੋਈਆਂ ਹਨ ਆਲੋਚਕਾਂ ਨੇ ਉਹਨਾਂ ਦਾ ਆਧਾਰ ਲੇਖਿਕਾ ਦੇ ਨਾਵਲਾਂ ਵਿਚ ਮਰਦ ਪ੍ਰਧਾਨ ਸਮਾਜ ਵਿਚ ਵਿਚਰ ਰਹੀ ਬੇਵੱਸ ਔਰਤ, ਸਵੈ ਚੇਤਨ ਔਰਤ, ਸਵੈ ਕੇਂਦਰਿਤ ਔਰਤ ਨੂੰ ਬਣਾਇਆ ਹੈ।